a2zpapers.com

**Exam. Code : 108503**
**Subject Code : 2121**

**B.Com. 3rd Semester**

**MUDHLI PUNJABI**

**Paper–BCG–302 (ii)**

Time Allowed—3 Hours] [Maximum Marks—50

**ਨੋਟ :** ਸਾਰੇ ਪ੍ਰਸ਼ਨ ਹੱਲ ਕਰਨੇ ਜ਼ਰੂਰੀ ਹਨ। ਪ੍ਰਸ਼ਨਾਂ ਦੇ ਉੱਤਰ ਤਰਤੀਬ ਅਨੁਸਾਰ ਸੁੰਦਰ ਲਿਖਾਈ ਵਿੱਚ ਲਿਖੋ।

**ਭਾਗ–ਪਹਿਲਾ**

1. ਵਾਕ ਦੀ ਪਰਿਭਾਸ਼ਾ ਦੱਸਦੇ ਹੋਏ ਵਾਕ ਰਚਨਾ ਦੇ ਜ਼ਰੂਰੀ ਅੰਗਾਂ ਨੂੰ ਉਦਾਹਰਣਾਂ ਸਹਿਤ ਲਿਖੋ।

**ਜਾਂ**

ਵਾਕ ਅਤੇ ਉਪਵਾਕ ਦੇ ਅੰਤਰ ਨੂੰ ਉਦਾਹਰਣਾਂ ਸਹਿਤ ਸਪੱਸ਼ਟ ਕਰੋ। 5

2. ਹੇਠਾਂ ਦਿੱਤੇ ਬਿਆਨਾਂ ਦਾ ਹਾਂ ਜਾਂ ਨਾਂਹ ਵਿੱਚ ਉੱਤਰ ਦਿਓ :

(ੳ) ਉਪਵਾਕ ਵਿੱਚ ਉਦੇਸ਼ ਅਤੇ ਵਿਧੇ ਦੋਵੇਂ ਹੁੰਦੇ ਹਨ।

(ਅ) ਵਾਕੰਸ਼ ਤੋਂ ਛੋਟੀ ਵਿਆਕਰਣਕ ਇਕਾਈ ਕੋਈ ਨਹੀਂ ਹੁੰਦੀ।

(ੲ) ਸਧਾਰਨ ਵਾਕ ਵਿੱਚ ਇਕ ਕਿਰਿਆ ਵਾਕੰਸ਼ ਹੁੰਦਾ ਹੈ।

(ਸ) ਬਿਆਨੀਆਂ ਵਾਕਾਂ ਦੁਆਰਾ ਕਿਸੇ ਤੋਂ ਕੋਈ ਪ੍ਰਸ਼ਨ ਪੁੱਛਿਆ ਜਾਂਦਾ ਹੈ।

(ਹ) ਪਰਾਧੀਨ ਉਪਵਾਕ ਦੀ ਪਛਾਣ ਯੋਜਕਾਂ ਦੁਆਰਾ ਕੀਤੀ ਜਾਂਦੀ ਹੈ। 5

3. ਹੇਠਾਂ ਲਿਖੇ ਵਾਕਾਂ ਦੇ ਨਿਰਦੇਸ਼ ਅਨੁਸਾਰ ਉੱਤਰ ਲਿਖੋ :

(ੳ) ਮੇਰਾ ਵੱਡਾ ਭਰਾ ਪੰਦਰਾਂ ਸਾਲ ਤੋਂ ਕਨੇਡਾ ਰਹਿ ਰਿਹਾ ਹੈ।

(ਉਦੇਸ਼ ਅਤੇ ਵਿਧੇ ਨਿਖੇੜੋ)



www.a2zpapers.com www.a2zpapers.com
oad free old Question papers gndu, ptu hp board, punjab

a2zpapers.com

(ਅ) ਹਰੀਸ਼ ਸਕੂਲ ਵਿੱਚ ਪੜ੍ਹਾਉਂਦੀ ਹੈ।
(ਨਾਂਵ ਵਾਕੰਸ਼ ਅਲੱਗ ਕਰਕੇ ਲਿਖੋ)

(ੲ) ਉਸ ਨੇ ਸੋਚਿਆ ਕਿ ਉਹ ਅੱਜ ਫਿਲਮ ਵੇਖਣ ਜ਼ਰੂਰ ਜਾਵੇਗਾ।
(ਸਧਾਰਨ ਵਾਕ ਬਣਾਓ)

(ਸ) ਉਹ ਰੋਟੀ ਖਾ ਕੇ ਆਪਣੇ ਕਮਰੇ ਵਿਚ ਚਲੀ ਗਈ।
(ਅਕਾਲਕੀ ਕਿਰਿਆ ਚੁਣੋ)

(ਹ) ਜਦੋਂ ਮੀਂਹ ਪੈਂਦਾ ਹੈ ਤਾਂ ਲੋਕ ਸੁੱਖ ਦਾ ਸਾਹ ਲੈਂਦੇ ਹਨ।
(ਵਾਕ ਦੀ ਕਿਸਮ ਲਿਖੋ)
5

4. ਹੇਠ ਲਿਖੇ ਪ੍ਰਸ਼ਨਾਂ ਦਾ **ਇੱਕ-ਦੋ** ਸ਼ਬਦਾਂ ਵਿੱਚ ਉੱਤਰ ਦਿਓ :

(ੳ) 'ਮੁੰਡੇ ਨੇ ਰੋਟੀ ਖਾਧੀ' ਵਾਕ ਵਿੱਚ ਆਏ ਵਾਕ ਦੇ ਕਾਰਜੀ ਤੱਤਾਂ ਦੀ ਤਰਤੀਬ ਲਿਖੋ।

(ਅ) ਕਿਸੇ ਇਕ ਵਿਆਕਰਣਕ ਇਕਾਈ ਦਾ ਨਾਂ ਲਿਖੋ।

(ੲ) 'ਨਿਰਾਰਥਕ' ਸ਼ਬਦ ਦਾ ਧਾਤੂ ਅਤੇ ਵਧੇਤਰ ਅਲੱਗ ਕਰੋ।

(ਸ) ਬਣਤਰ ਦੀ ਪੱਧਰ ਤੇ ਵਾਕ ਨੂੰ ਕਿੰਨੇ ਭਾਗਾਂ ਵਿੱਚ ਵੰਡਿਆ ਜਾਂਦਾ ਹੈ ?

(ਹ) ਪਰਾਧੀਨ ਉਪਵਾਕਾਂ ਦੀ ਸ਼ੁਰੂਆਤ ਕਿਹੜੇ ਯੋਜਕਾਂ ਰਾਹੀਂ ਕੀਤੀ ਜਾਂਦੀ ਹੈ ? 5

## ਭਾਗ-ਦੂਜਾ

5. ਹੇਠ ਲਿਖਿਆਂ ਵਿੱਚੋਂ ਕਿਸੇ **ਇੱਕ** ਵਿਸ਼ੇ ਤੇ ਪੈਰਾ ਰਚਨਾ ਕਰੋ :

ਲੋਕਤੰਤਰ, ਪੰਜਾਬੀਆਂ ਵਿੱਚ ਪਰਵਾਸ, ਇਕੀਵੀਂ ਸਦੀ ਦਾ ਭਾਰਤ, ਮੀਡੀਆ ਦਾ ਸਾਡੇ ਜੀਵਨ ਉੱਪਰ ਅਸਰ। 5

6. ਆਪਣੇ ਪ੍ਰਿੰਸੀਪਲ ਸਾਹਿਬ ਨੂੰ ਪੱਤਰ ਲਿਖ ਕੇ ਕਾਲਜ ਲਾਇਬ੍ਰੇਰੀ ਵਿੱਚ ਹੋਰ ਚੰਗੇ ਮੈਗਜ਼ੀਨ, ਰਸਾਲੇ ਮੰਗਵਾਉਣ ਲਈ ਬੇਨਤੀ ਕਰੋ।



www.a2zpapers.com www.a2zpapers.com
oad free old Question papers gndu, ptu hp board, punjab

a2zpapers.com

ਜਾਂ

ਅਖਬਾਰ ਦੇ ਸੰਪਾਦਕ ਨੂੰ ਪੱਤਰ ਲਿਖ ਕੇ ਖੇਤਾਂ ਵਿੱਚ ਸਾੜੀ ਜਾ ਰਹੀ ਪਰਾਲੀ (ਨਾੜ) ਬਾਰੇ ਆਪਣੇ ਵਿਚਾਰ ਪੇਸ਼ ਕਰੋ। 5

7. ਹੇਠਾਂ ਲਿਖੇ ਅਖਾਣ/ਮੁਹਾਂਵਰਿਆਂ ਵਿੱਚੋਂ ਕਿਸੇ **ਪੰਜ** ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤੋ ਕਿ ਉਹਨਾਂ ਦੇ ਅਰਥ ਸਪੱਸ਼ਟ ਹੋ ਜਾਣ :

ਕੰਨ ਕੁਤਰਨਾ, ਪਾਣੀ ਦਾ ਬੁਲਬੁਲਾ, ਛੱਕੇ ਛੁੜਾਉਂਣੇ, ਲੀਕ ਪੈਣੀ, ਹੱਥ ਤੰਗ ਹੋਣਾ, ਉੱਦਮ ਅੱਗੇ ਲੱਛਮੀ, ਪੱਖੇ ਅੱਗੇ ਪੌਣ, ਗਿੱਲਾ ਪੀਹਣ ਪਾਉਣਾ। 5

## ਭਾਗ–ਤੀਜਾ

8. ਹੇਠਾਂ ਦਿੱਤੇ ਪੈਰ੍ਹੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਉ :

ਕਹਿੰਦੇ ਹਨ ਕਿ ਪਰਮਾਤਮਾ ਉਨ੍ਹਾਂ ਦੀ ਸਹਾਇਤਾ ਕਰਦਾ ਹੈ ਜੋ ਆਪਣੀ ਸਹਾਇਤਾ ਆਪ ਕਰਦੇ ਹਨ। ਹੌਂਸਲਾ ਅਤੇ ਮਿਹਨਤ ਕਿਸਮਤ ਨਾਲੋਂ ਚੰਗਾ ਹੈ। ਅਮਰੀਕਾ ਦੇ ਰਾਸ਼ਟਰਪਤੀ ਲਿੰਕਨ ਅਨੁਸਾਰ ਕਿਸਮਤ ਭਰੋਸੇਯੋਗ ਚੀਜ਼ ਨਹੀਂ ਹੈ, ਪਰ ਮਿਹਨਤ ਸ਼ੁਧ ਸੋਨਾ ਹੈ। ਹਰ ਸਮੇਂ ਇਸ ਦਾ ਮੁੱਲ ਹੈ ਕਿਸੇ ਨੇ ਠੀਕ ਹੀ ਕਿਹਾ ਹੈ, "ਕਿਸਮਤ-ਕਿਸਮਤ ਆਖ ਕੇ ਢਿੱਲੜ ਚਿਚਲਾਂਦੇ, ਮਿਹਨਤ ਵਾਲੇ ਅੱਗੇ ਲੰਘਦੇ ਜਾਂਦੇ"। ਤੁਸੀਂ ਖੁਸ਼ਕਿਸਮਤ ਹੋ। ਇਸ ਯੁੱਗ ਵਿੱਚ ਤੁਹਾਡੇ ਵਰਗੇ ਲੋਕਾਂ ਨੂੰ ਉੱਨਤੀ ਦੇ ਬਹੁਤ ਹੀ ਘੱਟ ਮੌਕੇ ਮਿਲਦੇ ਹਨ। ਉੱਠੋ ਅਤੇ ਕੰਮ ਵਿਚ ਲੱਗ ਜਾਓ ਅਤੇ ਸਖਤ ਮਿਹਨਤ ਦੇ ਰਾਹ ਨੂੰ ਨਾ ਛੱਡੋ। ਦੇਖਣਾ ਤੁਹਾਡੇ ਰਾਹ ਦੇ ਕੰਡੇ ਫੁੱਲ ਬਣ ਜਾਣਗੇ। ਦੂਸਰੇ ਸ਼ਬਦਾਂ ਵਿੱਚ ਕਠਿਨਾਈਆਂ ਖੁਸ਼ੀਆਂ ਵਿੱਚ ਬਦਲ ਜਾਣਗੀਆਂ।

**ਪ੍ਰਸ਼ਨ :**

(ੳ) ਪੈਰ੍ਹੇ ਦਾ ਸਿਰਲੇਖ ਲਿਖੋ।

(ਅ) ਮਿਹਨਤ ਬਾਰੇ ਲਿੰਕਨ ਦੇ ਕੀ ਵਿਚਾਰ ਸਨ ?

(ੲ) ਤੁਹਾਡੇ ਰਾਹ ਦੇ ਕੰਡੇ ਫੁੱਲ ਕਿਵੇਂ ਬਣ ਸਕਦੇ ਹਨ ?



www.a2zpapers.com www.a2zpapers.com
oad free old Question papers gndu, ptu hp board, punjab

a2zpapers.com

(ਸ) ਕਿਸਮਤ ਦਾ ਰੋਣਾ ਕੌਣ ਰੋਂਦੇ ਹਨ ?

(ਹ) ਉਪਰੋਕਤ ਪੈਰ੍ਹੇ ਤੋਂ ਕੀ ਸਿੱਖਿਆ ਮਿਲਦੀ ਹੈ ? 5

9. ਹੇਠਾਂ ਦਿਤੇ ਪੈਰ੍ਹੇ ਦੀ ਇਕ ਤਿਹਾਈ ਸ਼ਬਦਾਂ ਵਿੱਚ ਸੰਖੇਪ ਰਚਨਾ ਕਰੋ ਅਤੇ ਪੈਰ੍ਹੇ ਦਾ ਸਿਰਲੇਖ ਦਿਓ :

ਇਸ ਵਿਚ ਕੋਈ ਸ਼ਕ ਨਹੀਂ ਕਿ ਪੁਸਤਕਾਂ ਸਾਡਾ ਮਾਰਗ-ਦਰਸ਼ਨ ਦਾ ਕੰਮ ਵੀ ਕਰਦੀਆਂ ਹਨ ਅਤੇ ਮਨੋਰੰਜਨ ਦਾ ਵੀ ਪਰੰਤੂ ਸਵਾਲ ਪੈਦਾ ਇਹ ਹੁੰਦਾ ਹੈ ਕਿ ਸਾਨੂੰ ਕਿਹੋ ਜਿਹੀਆਂ ਪੁਸਤਕਾਂ ਪੜ੍ਹਨੀਆਂ ਚਾਹੀਦੀਆਂ ਹਨ। ਵਰਤਮਾਨ ਸਮੇਂ ਵਿੱਚ ਅਣਗਿਣਤ ਪੁਸਤਕਾਂ ਹਰ ਰੋਜ਼ ਪ੍ਰਕਾਸ਼ਤ ਹੁੰਦੀਆਂ ਹਨ। ਇਸ ਲਈ ਪੁਸਤਕਾਂ ਦੀ ਚੋਣ ਇਕ ਕਠਿਨ ਸਮੱਸਿਆ ਹੈ। ਇਹ ਚੋਣ ਵਕਤ ਮੰਗਦੀ ਹੈ ਅਤੇ ਅੱਜ ਦੇ ਮਨੁੱਖ ਪਾਸ ਵਿਹਲ ਘੱਟ ਹੈ। ਇਹ ਹੋਰ ਵੀ ਮੁਸ਼ਕਿਲ ਹੈ। ਵਧੀਆ ਅਤੇ ਲਾਭਦਾਇਕ ਪੁਸਤਕਾਂ ਨਾਲੋਂ ਘਟੀਆ ਅਤੇ ਹਾਨੀਕਾਰਕ ਪੁਸਤਕਾਂ ਬਹੁਤੀਆਂ ਛਪਦੀਆਂ ਹਨ। ਠੱਗੀ ਵੱਧ ਗਈ ਹੈ। ਇਸ ਲਈ ਨੌਜਵਾਨਾਂ ਅਤੇ ਵਿਦਿਆਰਥੀਆਂ ਨੂੰ ਪੁਸਤਕਾਂ ਦੀ ਚੋਣ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ ਉਹਨਾਂ ਨੂੰ ਇਸ ਕੰਮ ਵਿੱਚ ਆਪਣੇ ਤੋਂ ਸਿਆਣਿਆਂ ਦੀ ਸਲਾਹ ਲੈਣੀ ਚਾਹੀਦੀ ਹੈ। ਜਿਹੜੇ ਲੋਕ ਪੁਸਤਕਾਂ ਤੋਂ ਲਾਭ ਨਹੀਂ ਉਠਾਉਂਦੇ ਉਹ ਬਦਕਿਸਮਤ ਹੁੰਦੇ ਹਨ। 10



www.a2zpapers.com www.a2zpapers.com
oad free old Question papers gndu, ptu hp board, punjab